**MEDIA REPORT**

| | | |
|---|---|---|
| **PUBLICATION** | **:** | SACH KAHON |
| **EDITION** | **:** | BATHINDA |
| **DATE** | **:** | November 9, 2016 **PAGE NO.:** |

# ਰਿਫਾਇਨਰੀ ਅਧਿਕਾਰੀਆਂ ਨੇ 80 ਪਰਿਵਾਰਾਂ ਨੂੰ ਫੈਬਰੀਕੇਟਡ ਟੁਆਇਲੈਟਸ ਵੰਡੀਆਂ

**ਸਤੀਸ਼ ਜੈਨ**
**ਰਾਮਾਂ ਮੰਡੀ, 8 ਨਵੰਬਰ**

ਇੱਥੇ ਬਣੇ ਤੇਲ ਸੋਧਕ ਕਾਰਖਾਨੇ ਦੇ ਪ੍ਰਬੰਧਕਾਂ ਵੱਲੋਂ ਪਿੰਡ ਗਿਆਨਾ ਵਿਖੇ ਸਵੱਛ ਭਾਰਤ ਅਭਿਆਨ ਤਹਿਤ ਲੋੜਵੰਦ ਪਰਿਵਾਰਾਂ ਨੂੰ ਫੈਬਰੀਕੇਟਡ ਟੁਆਇਲਟਾਂ ਵੰਡੀਆਂ ਗਈਆਂ। ਅੱਜ ਦੇ ਇਸ ਸਮਾਗਮ ਵਿਚ ਹਲਕਾ ਵਿਧਆਇਕ ਜੀਤਮਹਿੰਦਰ ਸਿੰਘ ਨੇ ਪਿੰਡ ਦੇ 80 ਪਰਿਵਾਰਾਂ ਨੂੰ ਇਹ ਟੁਆਇਲੈਟਾਂ ਵੰਡੀਆਂ। ਜਾਣਕਾਰੀ ਅਨੁਸਾਰ ਰਿਫਾਇਨਰੀ ਵੱਲੋਂ ਕੁੱਝ ਸਮਾਂ ਪਹਿਲਾਂ ਨੇੜਲੇ ਪਿੰਡਾਂ ਦਾ ਇਕ ਸਰਵੇ ਕਰਵਾ ਕੇ ਅਜਿਹੇ ਲੋੜਵੰਦ ਪਰਿਵਾਰਾਂ ਦੀ ਪਛਾਣ ਕੀਤੀ ਗਈ ਸੀ ਜਿਨ੍ਹਾਂ ਘਰਾਂ ਵਿਚ ਪਹਿਲਾਂ ਤੋਂ ਕੋਈ ਵੀ ਟੁਆਇਲਟ ਦੀ ਸੁਵਿਧਾ ਨਹੀਂ ਸੀ ਅਤੇ ਇਹ ਪਰਿਵਾਰ ਖੁੱਲ੍ਹੇ ਵਿਚ ਰਫਾ ਹਾਜ਼ਤ ਲਈ ਜਾਂਦੇ ਸਨ। ਇਸ ਤੋਂ ਪਹਿਲਾਂ ਵੀ ਪਿੰਡ ਫੁੱਲੋ ਖਾਰੀ ਵਿਖੇ ਵੀ 17 ਪਰਿਵਾਰਾਂ ਨੂੰ ਅਜਿਹੀਆਂ ਟੁਆਇਲਟਸ ਵੰਡੀਆਂ ਵਈਆਂ ਸਨ ਅਤੇ ਕੁੱਝ ਦਿਨਾਂ ਵਿਚ ਪਿੰਡ ਕਣਕਵਾਲ ਅਤੇ ਹੱਸੂ ਵਿਖੇ ਵੀ ਅਜਿਹੇ ਪਛਾਣ ਕੀਤੇ ਜਰੂਰਤਵੰਦ ਪਰਿਵਾਰਾਂ ਨੂੰ ਅਜਿਹੀਆਂ ਟੁਆਇਲਟਸ ਵੰਡੀਆਂ ਜਾਣ ਦੀ ਤਜਵੀਜ ਹੈ। ਇਸ ਮੌਕੇ ਕੰਪਨੀ ਦੇ ਅਧਿਕਾਰੀ ਸ. ਚਰਨਜੀਤ ਸਿੰਘ ਨੇ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਤੇਲ ਸੋਧਕ ਕਾਰਖਾਨੇ ਵੱਲੋਂ ਨੇੜਲੇ ਪਿੰਡਾਂ ਦੇ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸਿਹਤ ਸੰਭਾਲ ਕੈਂਪ, ਪਸ਼ੂ ਭਲਾਈ ਕੈਂਪ, ਖੇਤੀਬਾੜੀ ਸਬੰਧੀ ਜਾਗਰੂਕਤਾ ਕੈਂਪ, ਸਕੂਲਾਂ ਵਿਚ ਵਰਦੀਆਂ, ਕਾਪੀਆਂ ਅਤੇ ਬੈਗ ਅਦਿ ਤੋਂ ਇਲਾਵਾ ਤੇਲ ਸੋਧਕ ਕਾਰਖਾਨੇ ਲਾਗਲੇ 37 ਸਕੂਲਾਂ ਵਿੱਚ ਆਰਓ ਪਲਾਂਟ ਲਾਏ ਗਏ ਹਨ ਜਿਨ੍ਹਾਂ ਤੋਂ ਲਗਭੱਗ 11000 ਤੋਂ ਵਧੇਰੇ ਵਿਦਿਆਰਥੀਆਂ ਨੂੰ ਪੀਣ ਵਾਲਾ ਸਾਫ ਸੁਥਰਾ ਪਾਣੀ ਉਪਲੱਬਧ ਹੋ ਰਿਹਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਕੰਪਨੀ ਵੱਲੋਂ 10ਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੀਆਂ ਪਿੰਡਾਂ ਤੋਂ ਦੂਰ ਵੱਖ-ਵੱਖ ਸਕੂਲਾਂ ਵਿਚ ਪੜ੍ਹਨ ਵਾਲੀਆਂ ਲੜਕੀਆਂ ਨੂੰ 354 ਸਾਇਕਲ ਵੀ ਪਹਿਲਾਂ ਵੰਡੇ ਗਏ ਹਨ। ਇਸ ਮੌਕੇ ਰਿਫਾਇਨਰੀ ਵੱਲੋਂ ਸ਼੍ਰੀ ਰਜਨੀਸ਼ ਮਾਥੁਰ ਏਜੀਐਮ, ਵਾਹਿਗੁਰੂਪਾਲ ਸਿੰਘ, ਸੰਦੀਪ ਸਿੰਘ ਅਤੇ ਵਿਕਰਾਂਤ ਪੁਰੀ ਤੋਂ ਇਲਾਵਾ ਪਿੰਡ ਗਿਆਨਾ ਦੀ ਪੰਚਾਇਤ ਅਤੇ ਪਿੰਡ ਦੇ ਪਤਵੰਤੇ ਵਿਅਕਤੀਆਂ ਨੇ ਸਮਾਗਮ ਵਿਚ ਹਿੱਸਾ ਲਿਆ।

## REFINERY OFFICIAL DISTRIBUTE FABRICATED TOILETS TO 80 FAMILIES

*Satish Jain: Rama Mandi, 8 Nov:* The management of the local oil refinery distributed pre-fabricated toilets under the 'Clean India' mission to the needy families in Giana village. In today event, the local MLA Mr. Jeet Mohinder Singh distributed these toilets to 80 families. According to the information, Refinery had conducted a survey of the nearby villages to identify families which do not have toilets in their houses and use to defecate in the open. Before this 17 toilets were distributed in village Phulokhari and similar distributed would be done in village Hassu and Kankakwal to the needy families. Speaking on the occasion Refinery Official, Mr. Charanjeet Singh, said, Guru Gobind Singh Refinery has taken various initiatives for the welfare of the local villages like Health camps, Agriculture and Animal Husbandry Camps, providing Education kits to school children besides providing RO water facility in more than 37 schools which is benefitting more than 11,000 students. He further said that, Refinery has recently distributed 354 bicycles to girl students of $10^{th}$ and $12^{th}$ standard who were commuting to nearby schools. Refinery officials Mr Rajnish Mathur, Waheguru Pal Singh, Sandeep Singh and Vikrant Puri including the members of village Panchayat and other well know people participated in the function.